ਲੀਡ ਪੋਇਜ਼ਨਿੰਗ ਦੀ ਰਿਪੋਰਟ ਤੋਂ ਬਾਅਦ, ਟੋਰਾਂਟੋ ਪਬਲਿਕ ਹੈਲਥ ਇਹ ਚਿਤਾਵਨੀ ਦੇ ਰਿਹਾ ਹੈ ਕਿ ਟੋਰਾਂਟੋ, ਓ.ਐੱਨ. (ON) ਵਿੱਚ ਕੇਰਲਾ ਆਯੁਰਵੈਦਿਕ ਅਤੇ ਨੈਚੁਰਲ ਹਰਬਲ ਕੰਸਲਟੇਸ਼ਨ ਦੁਆਰਾ ਵੇਚੇ ਜਾਣ ਵਾਲੇ ਉਤਪਾਦ ਅਣ-ਅਧਿਕਾਰਤ ਹਨ ਅਤੇ ਸਿਹਤ ਲਈ ਗੰਭੀਰ ਖ਼ਤਰੇ ਪੈਦਾ ਕਰ ਸਕਦੇ ਹਨ: https://recalls-rappels.canada.ca/en/alert-recall/health-canada-warns-products-sold-kerela-ayurvedic-natural-herbal-consultation-toronto

ਜੇਕਰ ਤੁਸੀਂ ਇਸ ਸਥਾਨ ਤੋਂ ਕੋਈ ਆਯੁਰਵੈਦਿਕ ਦਵਾਈਆਂ ਖਰੀਦੀਆਂ ਹਨ ਜਾਂ ਇਸ ਕਲੀਨਿਕ ਤੋਂ ਆਰਡਰ ਕੀਤੀਆਂ ਹਨ ਅਤੇ ਉਤਪਾਦ ਨੂੰ ਸਿੱਧਾ ਤੁਹਾਡੇ ਘਰ ਭੇਜਿਆ ਗਿਆ ਹੈ, ਤਾਂ ਤੁਰੰਤ ਇਹਨਾਂ ਦਵਾਈਆਂ ਦੀ ਵਰਤੋਂ ਕਰਨੀ ਬੰਦ ਕਰੋ ਅਤੇ ਆਪਣੇ ਪ੍ਰਾਇਮਰੀ ਦੇਖਭਾਲਕਰਤਾ ਨਾਲ ਸਲਾਹ ਕਰੋ। ਕਿਰਪਾ ਕਰਕੇ ਵਾਧੂ ਸਹਾਇਤਾ ਅਤੇ ਜਾਣਕਾਰੀ ਲਈ ਟੋਰਾਂਟੋ ਹੈਲਥ ਕਨੈਕਸ਼ਨ ਨੂੰ 416-338-7600 'ਤੇ ਕਾਲ ਕਰੋ।

ਆਯੁਰਵੇਦ ਭਾਰਤ ਅਤੇ ਦੱਖਣੀ ਏਸ਼ੀਆ ਵਿੱਚ ਉਤਪੰਨ ਹੋਣ ਵਾਲੀ ਪਰੰਪਰਾਗਤ ਦਵਾਈ ਦਾ ਇੱਕ ਰੂਪ ਹੈ। ਜੀਵਨਸ਼ੈਲੀ ਵਿੱਚ ਬਦਲਾਵ ਅਤੇ ਹੋਰ ਉਪਚਾਰਾਂ ਤੋਂ ਇਲਾਵਾ, ਆਯੁਰਵੈਦਿਕ ਦਵਾਈ (ਨਾਲ ਹੀ ਹੋਰ ਪਰੰਪਰਾਗਤ ਅਤੇ ਜੜੀ-ਬੂਟੀਆਂ ਵਾਲੀਆਂ ਦਵਾਈਆਂ) ਵਿੱਚ ਭਾਰੀ ਧਾਤਾਂ, ਖਾਸ ਤੌਰ 'ਤੇ ਲੀਡ, ਪਾਰਾ ਅਤੇ ਆਰਸੈਨਿਕ ਨੂੰ ਸ਼ਾਮਲ ਕਰਨ ਵਾਲੀਆਂ ਤਿਆਰੀਆਂ ਦਾ ਗ੍ਰਹਿਣ ਵੀ ਸ਼ਾਮਲ ਕੀਤਾ ਜਾ ਸਕਦਾ ਹੈ।
ਆਯੁਰਵੈਦਿਕ ਦਵਾਈ ਦੀ ਵਰਤੋਂ ਤੋਂ ਲੀਡ ਟੌਕਸਿਟੀ (ਵਸ਼ੈਲੇਪਣ/ਜ਼ਹਿਰੀਲੇਪਣ) ਨੂੰ ਚੰਗੀ ਤਰ੍ਹਾਂ ਦਸਤਾਵੇਜ਼ੀ ਰੂਪ ਦਿੱਤਾ ਗਿਆ ਹੈ।

ਐਲੀਵੇਟਿਡ ਬਲੱਡ ਲੀਡ ਲੈਵਲ (ਉੱਚ ਬਲੱਡ ਪ੍ਰੈਸ਼ਰ ਪੱਧਰ) ਵਾਲੇ ਵਿਅਕਤੀਆਂ ਅੰਦਰ ਲੱਛਣ ਦਿਖਾਈ ਨਹੀਂ ਦੇ ਸਕਦੇ ਹਨ ਜਾਂ ਉਹਨਾਂ ਅੰਦਰ ਕਈ ਤਰ੍ਹਾਂ ਸੰਕੇਤ ਅਤੇ ਲੱਛਣ ਦਿਖਾਈ ਦੇ ਸਕਦੇ ਹਨ। ਇਹਨਾਂ ਵਿੱਚ ਸ਼ਾਮਲ ਹਨ:

- ਪੇਟ ਵਿੱਚ ਦਰਦ, ਕਦੇ-ਕਦਾਈਂ ਹੋਣ ਵਾਲੀ ਪਰੇਸ਼ਾਨੀ ਤੋਂ ਲੈ ਕੇ, ਦਰਦ ਨੂੰ ਫੈਲਾਉਣ ਤੱਕ, "ਲੀਡ ਕੋਲਿਕ" (ਪੇਟ ਵਿੱਚ ਗੰਭੀਰ, ਰੁਕ-ਰੁਕ ਪੈਣ ਵਾਲੀ ਕੜਵੱਲ) ਤੱਕ।
- ਸੰਵਿਧਾਨਕ ਲੱਛਣ, ਮੁੱਖ ਤੌਰ 'ਤੇ ਥਕਾਵਟ ਅਤੇ ਆਮ ਬੇਚੈਨੀ
- ਅਨੀਮੀਆ
- ਮਾੜੀ ਇਕਾਗਰਤਾ ਅਤੇ ਪੈਰੀਫਿਰਲ ਮੋਟਰ ਨਿਊਰੋਪੈਥੀ ਸਮੇਤ ਨਿਊਰੋਲੋਜੀਕਲ ਡਿਸਫੰਕਸ਼ਨ (ਨਪੁੰਸਕਤਾ)

ਕ੍ਰੋਨਿਕ ਲੀਡ ਐਕਸਪੋਜਰ ਕਾਰਨ ਲੰਮੇ ਸਮੇਂ ਦੇ ਪ੍ਰਭਾਵ ਹੋ ਸਕਦੇ ਹਨ, ਜਿਸ ਵਿੱਚ ਕ੍ਰੋਨਿਕ ਇੰਟਰਸਟੀਸ਼ੀਅਲ ਨੈਫ੍ਰਾਈਟਿਸ ਜਾਂ "ਲੀਡ ਨੈਫਰੋਪੈਥੀ", ਹਾਈਪਰਟੈਨਸ਼ਨ ਦੇ ਵਧੇ ਹੋਏ ਜੋਖ਼ਮ, ਪ੍ਰਤੀਕੂਲ ਪ੍ਰਜਨਨ ਪ੍ਰਭਾਵ, ਅਤੇ ਖਾਸ ਤੌਰ 'ਤੇ ਬੱਚਿਆਂ ਵਿੱਚ ਸਿੱਖਣ, ਧਿਆਨ ਅਤੇ ਵਿਕਾਸ ਨਾਲ ਸਬੰਧਤ ਤੰਤੂ ਵਿਗਿਆਨਿਕ ਕਮੀ ਸ਼ਾਮਲ ਹਨ।

ਹੋਰ ਜਾਣਕਾਰੀ ਲਈ ਕਿਰਪਾ ਕਰਕੇ ਆਯਰਵੈਦਿਕ ਦਵਾਈਆਂ ਤੋਂ ਲੀਡ ਐਕਸਪੋਜ਼ਰ 'ਤੇ ਪਬਲਿਕ ਹੈਲਥ ਓਂਟਾਰੀਓ ਦੀ ਤੱਥ ਸ਼ੀਟ ਦੇਖੋ..